CAREERINDIA

# PAPER-III
# PUNJABI

**Signature and Name of Invigilator**

1. (Signature) ______________________

   (Name) ______________________

2. (Signature) ______________________

   (Name) ______________________

**D 2 4 1 4**

OMR Sheet No. : ..............................................

(To be filled by the Candidate)

Roll No. | | | | | | | | |

(In figures as per admission card)

Roll No.______________________________

(In words)

Time : 2 ½ hours] [Maximum Marks : **150**

Number of Pages in this Booklet : **16** Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** (A) (B) ● (D)
   where (C) is the correct response.
5. Your responses to the items are to be indicated in the **OMR Sheet given inside the Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means such as change of response by scratching or using white fluid, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण :** (A) (B) ● (D)
   जबकि (C) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

www.careerindia.com

**PUNJABI**
**ਪੰਜਾਬੀ**

**Paper-III**
**ਪ੍ਰਸ਼ਨ ਪੱਤਰ-III**

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

**1.** ਭਾਸ਼ਾ ਦੇ ਵਿਗਆਨਕ ਅਧਿਐਨ ਸਮੇਂ ਜ਼ਰੂਰੀ ਹੈ :

(A) ਭਾਸ਼ਾਈ ਸਿਧਾਂਤਾਂ ਦੇ ਆਧਾਰ 'ਤੇ ਭਾਸ਼ਾ ਦਾ ਅਧਿਐਨ
(B) ਭਾਸ਼ਾਈ ਸਿਧਾਂਤਾਂ ਦੀ ਸਥਾਪਨਾ
(C) ਭਾਸ਼ਾ ਦੀ ਪ੍ਰਕਿਰਤੀ ਦੀ ਸਮਝ
(D) ਉਪਰੋਕਤ ਸਾਰੇ ਹੀ ਸਹੀ ਹਨ

**2.** ਸ਼ਬਦ ਰਚਨਾ ਵਿਚ ਰੂਪ ਤੇ ਵਿਆਕਰਨਕ ਪ੍ਰਕਾਰਜ ਦੇ ਵਾਹਕ ਹਨ :

(A) ਵਿਕਾਰੀ ਤੇ ਅਵਿਕਾਰੀ
(B) ਵਿਉਂਤਪਤ ਤੇ ਰੂਪਾਂਤਰੀ
(C) ਕੋਸ਼ਗਤ ਤੇ ਵਿਆਕਰਨਕ
(D) ਤਤਸਮ ਤੇ ਤਦਭਵ

**3.** ਟਕਸਾਲੀ ਪੰਜਾਬੀ ਦੇ ਸੰਬੰਧ ਕਾਰਕੀ ਚਿੰਨ੍ਹ ਹਨ :

(A) ਕਾ ਕੇ ਕੀ
(B) ਦਾ ਦੇ ਦੀ
(C) ਨਾ ਨੇ ਨੀ
(D) ਤਾ ਤੇ ਤੀ

**4.** **(A) ਕਥਨ :** ਪੰਜਾਬੀ ਵਿਚ ਸ਼ਬਦ ਦੀ ਆਦਿ ਸਥਿਤੀ ਵਿਚ / ਨ / ਅਤੇ / ਣ / ਦੀ ਵਿਰੋਧਤਾ ਨਹੀਂ ਮਿਲਦੀ । ਇਸਦਾ ਮਤਲਬ ਇਹ ਹੈ ਕਿ / ਨ / ਅਤੇ / ਣ / ਇਕੋ ਵਰਗ ਨਾਲ ਸੰਬੰਧਤ ਧੁਨੀਆਂ ਹਨ ।

**(R) ਕਾਰਨ :** ਪਰ / ਨ / ਅਤੇ / ਣ / ਦੀ ਵਿਰੋਧਤਾ ਮੱਧ ਅਤੇ ਅੰਤਿਮ ਸਥਿਤੀ ਵਿਚ ਮਿਲਦੀ ਹੈ ਅਤੇ ਦੋਵਾਂ ਦੇ ਉਚਾਰਨ ਸਥਾਨ ਵਿਚ ਅੰਤਰ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ
(B) (A) ਆਂਸ਼ਿਕ ਸਹੀ ਅਤੇ (R) ਸਹੀ ਹੈ
(C) (A) ਸਹੀ ਹੈ ਅਤੇ (R) ਆਂਸ਼ਿਕ ਸਹੀ
(D) (A) ਅਤੇ (R) ਦੋਵੇਂ ਗਲਤ ਹਨ

**5.** ਕਿਹੜਾ ਕਥਨ ਸਹੀ ਹੈ :

(A) ਧਾਤੂ ਸ਼ਬਦ-ਰੂਪ ਦਾ ਉਹ ਅੰਸ਼ ਹੈ ਜਦ ਉਸ ਨਾਲੋਂ ਸਾਰੇ ਵਿਭਕਤੀ-ਮੂਲਕ ਪ੍ਰਤਿਐ ਅਤੇ ਵਿਉਂਤਪਤੀ ਵਧੇਤਰ ਹਟਾ ਦਿੱਤੇ ਜਾਣ ।
(B) ਧਾਤੂ ਸ਼ਬਦ-ਰੂਪ ਦਾ ਉਹ ਅੰਤਿਮ ਖੰਡ ਹੈ, ਜਦ ਉਸ ਨਾਲ ਕੇਵਲ ਵਿਭਕਤੀ ਪ੍ਰਤਿਐ ਹਟਾ ਦਿੱਤੇ ਜਾਣ ।
(C) ਧਾਤੂ ਸ਼ਬਦ-ਰੂਪ ਦਾ ਉਹ ਅੰਤਿਮ ਖੰਡ ਹੈ ਜਦ ਉਸ ਨਾਲੋਂ ਕੇਬਲ ਪਿਛੇਤਰ ਹਟਾ ਦਿੱਤੇ ਜਾਣ
(D) ਧਾਤੂ ਸ਼ਬਦ ਦਾ ਉਹ ਅੰਤਿਮ ਖੰਡ ਹੈ ਜਦ ਉਸਦਾ ਹੋਰ ਅੱਗੇ ਖੰਡੀਕਰਨ ਕੀਤਾ ਜਾ ਸਕੇ ।

6. ਪੰਜਾਬੀ ਭਾਸ਼ਾ ਦੇ ਭਾਸ਼ਾਈ ਸ੍ਰੋਤ ਹਨ :

(A) ਕੈਕੇਈ, ਟੱਕ ਤੇ ਮਦ੍ਰ ਅਪਭ੍ਰੰਸ਼ (B) ਮਾਗਧੀ, ਅਰਧ-ਮਾਗਧੀ ਅਤੇ ਅਵਹੱਟ ਅਪਭ੍ਰੰਸ਼

(C) ਪੈਸ਼ਾਚੀ, ਅਵਹੱਟ ਅਤੇ ਮਾਗਧੀ ਅਪਭ੍ਰੰਸ਼ (D) ਸ਼ੌਰਸੇਨੀ, ਮਾਗਧੀ ਅਤੇ ਮੈਥਿਲੀ ਅਪਭ੍ਰੰਸ਼

7. **(A) ਕਥਨ :** ਭਾਸ਼ਾ ਦੇ ਨਿਜਮਾਂ ਦੀ ਵਿਆਖਿਆ ਕਰਨਾ ਅਤੇ ਉਸਨੂੰ ਬੋਲਣ ਤੇ ਲਿਖਣ ਲਈ ਬਰਤਣਾ ਦੋ ਵਖਰੀਆਂ ਵੱਖਰੀਆਂ ਕਿਰਿਆਵਾਂ ਹਨ ।

**(R) ਕਾਰਨ :** ਕਿਉਂਕਿ ਇਹ ਜਰੂਰੀ ਨਹੀਂ ਕਿ ਬੁਲਾਰੇ ਨੂੰ ਭਾਸ਼ਾ ਦੇ ਭਲੀ ਭਾਂਤ ਪ੍ਰਯੋਗ ਲਈ ਵਿਆਕਰਨਕ ਨਿਯਮਾਂ ਦੀ ਜਾਣਕਾਰੀ ਹੋਵੇ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ (B) (A) ਆਂਸ਼ਿਕ ਸਹੀ ਹੈ ਅਤੇ (R) ਸਹੀ

(C) (A) ਅਤੇ (R) ਦੋਵੇਂ ਆਂਸ਼ਿਕ ਗਲਤ ਹਨ (D) (A) ਅਤੇ (R) ਦੋਵੇਂ ਗਲਤ ਹਨ

8.

| ਸੂਚੀ-I | ਸੂਚੀ-II |
|---|---|
| a. ਖਾਊਂਗਾ, ਜਾਊਂਗਾ | 1. ਦੁਆਬੀ |
| b. ਆਮਾਂਗਾ, ਜਾਮਾਂਗਾ | 2. ਪੁਆਧੀ |
| c. ਇਥ, ਇਥਕੇ | 3. ਮਲਵਈ |
| d. ਔਛ, ਗੱਛ | 4. ਪੋਠੋਹਾਰੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 1 | 2 | 4 |
| (B) | 3 | 2 | 4 | 1 |
| (C) | 2 | 3 | 1 | 4 |
| (D) | 4 | 3 | 2 | 1 |

9. 'ਉਸ ਇਸ ਯਾਤਰਾ ਦੌਰਾਨ ਸਾਰਾ ਦੇਸ਼ ਘੁੰਮ ਆਇਆ ਹੈ ।' ਵਾਕ ਵਿਚ ਕਿਰਿਆ ਵਾਕੰਸ਼ ਦੇ ਪੈਟਰਨ ਹਨ

(A) ਮੁੱਖ ਕਿਰਿਆ + ਗਤਿਵਾਚਕ ਕਿਰਿਆ + ਸਹਾਇਕ ਕਿਰਿਆ

(B) ਮੁੱਖ ਕਿਰਿਆ + ਸੰਭਾਵੀ ਸੰਚਾਲਕ ਕਿਰਿਆ + ਸਹਾਇਕ ਕਿਰਿਆ

(C) ਮੁੱਖ ਕਿਰਿਆ + ਮੁੱਢਲੀ ਸੰਚਾਲਕ ਕਿਰਿਆ + ਸਹਾਇਕ ਕਿਰਿਆ

(D) ਮੁੱਖ ਕਿਰਿਆ + ਕਰਮਣੀ ਸੰਚਾਲਕ ਕਿਰਿਆ + ਸਹਾਇਕ ਕਿਰਿਆ

10. ਵਿਆਹ ਨਾਲ ਸੰਬੰਧਕ ਰਸਮਾਂ ਦਾ ਸਹੀ ਜੁੱਟ ਹੈ :

(A) ਵਾਗ ਫੜਨੀ, ਨਿਉਂਦਰਾ ਪਾਉਣਾ, ਲੇਡੀਜ਼ ਸੰਗੀਤ

(B) ਨਾਨਕਾ ਛੱਕ, ਮਿਲਣੀ ਕਰਾਉਣੀ, ਭੰਗੜਾ ਪਉਣਾ

(C) ਘੋੜੀ ਚੜ੍ਹਣਾ, ਗਾਨਾ ਬੰਨਣਾ, ਪਾਣੀ ਬਾਰਨਾ

(D) ਮਹਿੰਦ ਲਾਉਣਾ, ਜੰਝ ਚੜ੍ਹਨਾ, ਗਿੱਦਾ ਪਾਉਣਾ

11. ਲੋਕ ਧੰਦਿਆਂ ਦਾ ਕਿਹੜਾ ਜੁੱਟ ਸਹੀ ਹੈ :

(A) ਨੱਕਾਸ਼ੀ, ਮੀਨਾਕਾਰੀ, ਮੁਨਸ਼ੀਗਿਰੀ (B) ਰੱਸੇ ਵੱਟਣਾ, ਕਸੀਦਾਕਾਰੀ, ਭਾਂਡੇ ਬਣਾਉਣਾ

(C) ਫੁੱਲਕਾਰੀ, ਬੁਣਨਾ, ਦਲਾਲੀ (D) ਰੰਬੇ ਚੰਡਣਾ, ਦਾਣੇ ਭੁੰਨਣਾ, ਬਜਾਜੀ

CAREERINDIA

12. **ਸੂਚੀ-I** **ਸੂਚੀ-II**

a. ਸੁਖਦੇਵ ਮਾਦਪੁਰੀ 1. ਲੋਕਧਾਰਾ ਤੇ ਸਾਹਿਤ

b. ਵਣਜਾਰਾ ਬੇਦੀ 2. ਲੋਕਧਾਰਾ : ਪਰੰਪਰਾ ਤੇ ਆਧੁਨਿਕਤਾ

c. ਗੁਰਮੀਤ ਸਿੰਘ 3. ਲੋਕਯਾਨ, ਭਾਸ਼ਾ ਤੇ ਸਭਿਆਚਾਰ

d. ਭੁਪਿੰਦਰ ਸਿੰਘ ਖਹਿਰਾ 4. ਪੰਜਾਬ ਦੀਆਂ ਖੇਡਾਂ

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 1 | 2 | 3 |
| (B) | 4 | 2 | 1 | 3 |
| (C) | 3 | 2 | 1 | 4 |
| (D) | 2 | 1 | 4 | 3 |

13. **ਸੂਚੀ-I** **ਸੂਚੀ-II**

a. ਪਾਣੀ ਵਾਰਨਾ 1. ਟੈਬੂ

b. ਗਊ ਹੱਤਿਆ 2. ਤੰਤਰ

c. ਨਾਮਕਰਨ 3. ਸ਼ਗਨ

d. ਤਾਵੀਜ਼ 4. ਸੰਸਕਾਰ

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 2 | 1 | 3 |
| (B) | 2 | 1 | 4 | 3 |
| (C) | 3 | 1 | 4 | 2 |
| (D) | 2 | 3 | 1 | 4 |

14. ਲੋਕ ਪਹਿਰਾਵੇ ਦਾ ਸਹੀ ਜੁੱਟ ਹੈ

(A) ਪੱਗ, ਲਾਚਾ, ਅਚਕਨ
(B) ਫਤੂਹੀ, ਸਾਲੂ, ਕਮੀਜ਼
(C) ਖੁੱਸਾ, ਚਾਦਰਾ, ਚੀਰਾ
(D) ਤਹਿਮਤ, ਝੱਗਾ, ਸਾੜ੍ਹੀ

15. **(A) ਕਥਨ :** ਅਜੋਕੇ ਵਿਸ਼ਵੀਕਰਨ ਦੇ ਜੁੱਗ ਵਿਚ ਕੋਈ ਵੀ ਵਿਕਸਤ ਸਮਾਜ ਇਕ ਪਾਸੇ ਤਾਂ ਆਰਥਿਕ-ਰਾਜਨੀਤਕ ਤੌਰ ਉਤੇ ਹਾਵੀ ਹੋਣਾ ਚਹੁੰਦਾ ਹੈ ਅਤੇ ਦੂਜੇ ਪਾਸੇ ਉਹ ਸਭਿਆਚਾਰਾਂ ਦੀਆਂ ਵਿੱਲਖਣ ਕਦਰਾਂ ਕੀਮਤਾਂ ਨੂੰ ਵਿਸਥਾਪਿਤ ਕਰਕੇ ਪ੍ਰਭੁਸਤਾ ਨੂੰ ਸਥਾਪਤ ਕਰਦਾ ਹੈ ।

**(R) ਕਾਰਨ :** ਵਿਸ਼ਵੀਕਰਨ ਦੇ ਦੌਰ ਵਿਚ ਵੀ ਸਭਿਆਚਾਰਕ ਵਿੱਲਖਣਤਾਵਾਂ ਨੂੰ ਖਤਮ ਕਰਕੇ ਅਤੇ ਸਾਂਝੇ ਸਭਿਆਚਾਰਕ ਅਵਚੇਤਨ ਦਾ ਖੰਡਨ ਕਰਕੇ ਮਨਚਾਹੀ ਦਿਸ਼ਾ ਵੱਲ ਤੋਰਣ ਦਾ ਅਮਲ ਹੀ ਅਪਣਾਇਆ ਜਾ ਰਿਹਾ ਹੈ ਇਹ ਕਿਰਿਆ ਸਪਸ਼ੱਟ ਅਤੇ ਅਸਪੱਸ਼ਟ ਦੋਹਾਂ ਰੂਪਾਂ ਵਿਚ ਹੀ ਵਾਪਰ ਰਹੀ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਅਤੇ (R) ਗਲਤ ਹੈ
(B) (A) ਅਤੇ (R) ਦੋਵੇਂ ਗਲਤ ਹਨ
(C) (A) ਸਹੀ ਅਤੇ (R) ਅਾਂਸ਼ਿਕ ਸਹੀ ਹੈ
(D) (A) ਅਤੇ (R) ਦੋਵੇਂ ਸਹੀ ਹਨ

CAREERINDIA

16. 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ
ਸੱਦੋ ਨੀ ਮੈਨੋ ਧੀਦੋ ਰਾਂਝਾ ਹੀਰ ਨ ਆਖੋ ਕੋਈ'
ਕਾਵਿ ਸਤਰਾਂ ਕਿਸ ਕਵੀ ਦੀਆਂ ਹਨ :

(A) ਦਮੋਦਰ
(B) ਵਾਰਿਸਸ਼ਾਹ
(C) ਬੁੱਲੇਸ਼ਹ
(D) ਮੁਕਬਲ

17. ਸੂਫ਼ੀ ਦੀ ਕਿਹੜੀ ਪਰਿਭਾਸ਼ਾ ਵਧੇਰੇ ਪ੍ਰਵਾਣਿਤ ਹੈ :

(A) ਜੋ ਸਾਫ ਕਪੜੇ ਪਹਿਨਦਾ ਹੈ
(B) ਜੋ ਤੱਸਵਫ਼ ਦਾ ਮਾਰਗੀ ਹੈ
(C) ਜੋ ਸ਼ਰਾਬ ਦਾ ਸੇਬਨ ਨਹੀਂ ਕਰਦਾ
(D) ਜੋ ਮਨਮਰਜ਼ੀ ਦਾ ਰਾਹ ਅਖ਼ਤਿਆਰ ਕਰਦਾ ਹੈ

18. ਪੰਜਾਬੀ ਸੂਫ਼ੀ ਕਾਵਿ ਦੇ ਅੰਤਰਗਤ ਇਤਿਹਾਸਕ ਦ੍ਰਿਸ਼ਟੀ ਤੋਂ ਕਿਹੜਾ ਕ੍ਰਮ ਸਹੀ ਹੈ :

(A) ਬਾਬਾ ਫ਼ਰੀਦ, ਸੁਲਤਾਨ ਬਾਹੂ, ਅਲੀ ਹੈਦਰ
(B) ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਗੁਲਾਮ ਫ਼ਰੀਦ
(C) ਬਾਬਾ ਫ਼ਰੀਦ, ਸੁਲਤਾਨ ਬਾਹੂ, ਸ਼ਾਹ ਹੁਸੈਨ
(D) ਵਜੀਰ, ਅਲੀ ਹੈਦਰ, ਬੁੱਲ੍ਹੇਸ਼ਹ

19. ਕਿਹੜਾ ਸੂਫ਼ੀ ਕਵੀ ਸ਼ਰੀਅਤ ਦੀ ਉੱਤੇ ਜੋਰ ਦਿੰਦਾ ਹੈ :

(A) ਸਾਹ ਹੁਸੈਨ
(B) ਬਾਬਾ ਫ਼ਰੀਦ
(C) ਗੁਲਾਮ ਫ਼ਰੀਦ
(D) ਬੁੱਲ੍ਹੇਸ਼ਾਹ

20.

| ਸੂਚੀ-I | ਸੂਚੀ-II |
|---|---|
| a. ਸੂਫੀਅਤ ਅਤੇ ਪੰਜਾਬੀ ਸੂਫ਼ੀ ਸਾਹਿਤ | 1. ਗੁਲਵੰਤ ਸਿੰਘ |
| b. ਪੰਜਾਬੀ ਸੂਫ਼ੀ ਕਾਵਿ ਤੇ ਸ਼ਰੀਅਤ | 2. ਸਾਧੂ ਰਾਮ ਸ਼ਾਰਦਾ |
| c. ਇਸਲਾਮ ਅਤੇ ਸੂਫ਼ੀਵਾਦ | 3. ਹਰਜਿੰਦਰ ਸਿੰਘ ਢਿਲੋਂ |
| d. ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ | 4. ਗੁਰਦੇਵ ਸਿੰਘ ਸਿੱਧੂ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 1 | 4 |
| (B) | 1 | 2 | 3 | 4 |
| (C) | 4 | 3 | 1 | 2 |
| (D) | 4 | 3 | 2 | 1 |

21. ਸੂਫ਼ੀ ਕਾਵਿ ਦੇ ਅੰਤਰਗਤ 'ਮਾਰਫ਼ਤ' ਤੋਂ ਭਾਵ ਹੈ :

(A) ਦੁਨਿਆਵੀ ਗਿਆਨ
(B) ਰੱਬ ਦਾ ਖੌਫ਼
(C) ਇਸ਼ਕ ਮਿਜਾਜ਼ੀ
(D) ਅਧਿਆਤਮਕ ਗਿਆਨ

CAREERINDIA

**22.** **(A) ਕਥਨ :** ਸੂਫ਼ੀ ਵਿਚਾਰਧਾਰਾ ਦੀ ਅਜੋਕੀ ਸਾਰਥਕਤਾ ਇਸ ਵਿਚ ਹੈ ਕਿ ਇਹ ਮਨੁੱਖ ਨੂੰ ਸਰਬ ਸਾਂਜੀਵਾਲਤਾ ਅਤੇ ਮਾਨਵਵਾਦ ਦਾ ਸੁਨੇਹਾ ਦਿੰਦੀ ਹੈ । ਸਦੀਆਂ ਬੀਤ ਜਾਣ ਉਪਰੰਤ ਦੀ ਇਸ ਰਚਨਾ ਦੇ ਸਰਵਪੱਖੀ ਮਹੱਤਵ ਵਿਚ ਅਹਿਮ ਬਾਧਾ ਹੋਇਆ ਹੈ ।

**(R) ਕਾਰਨ :** ਇਸਦਾ ਕਾਰਨ ਇਹ ਹੈ ਕਿ ਪੰਜਾਬੀ ਸੂਫ਼ੀ ਕਵੀਆਂ ਨੇ ਗੁਰਮਤਿ ਕਾਵਿ ਦਾ ਪ੍ਰਭਾਵ ਕਬੂਲਿਆ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਗਲਤ ਅਤੇ (R) ਸਹੀ ਹੈ
(B) (A) ਸਹੀ ਅਤੇ (R) ਗਲਤ ਹੈ
(C) (A) ਅਤੇ (R) ਦੋਵੇਂ ਸਹੀ ਹਨ
(D) (A) ਆਂਸ਼ਿਕ ਸਹੀ ਅਤੇ (R) ਸਹੀ ਹੈ

**23.** ਪੰਜਾਬੀ ਸੂਫ਼ੀਆਂ ਦਾ ਕਿਹੜਾ ਜੁੱਟ ਸਹੀ ਹੈ :

(A) ਸੇਖ਼ ਫਰੀਦ : ਮਲਾਮਤੀ
(B) ਸ਼ਾਹਹੁਸੈਣ : ਚਿਸ਼ਤੀ
(C) ਬੁੱਲ੍ਹੇਸ਼ਾਹ : ਕਾਦਰੀ
(D) ਗੁਲਾਮ ਫ਼ਰੀਦ : ਕਲੰਦਰੀ

**24.** 'ਲੋਗ ਜਾਨੇਂ ਇਹੁ ਗੀਤ ਹੈ ਇਹੁ ਤਉ ਬ੍ਰਹਮ ਬੀਚਾਰ'

ਉਪਰੋਕਤ ਵਿਚ ਗੁਰਬਾਣੀ ਦੇ ਕਿਸ ਪੱਖ ਵੱਲ ਸੰਕੇਤ ਹੈ :

(A) ਨੈਤਿਕ ਤੇ ਪ੍ਰਗੀਤਕ
(B) ਸਰੋਦੀ ਤੇ ਸੰਗੀਤਕ
(C) ਰਹੱਸਵਾਦੀ ਤੇ ਕਾਵਿਕ
(D) ਦਾਰਸ਼ਨਿਕ ਤੇ ਸਰੋਦੀ

**25.** 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ
ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ'

ਉਪਰੋਕਤ ਬਾਣੀ ਟੁਕ ਵਿਚ ਵਰਤੀ ਗਈ ਮੁੱਖ ਕਾਵਿ-ਜੁਗਤ ਹੈ :

(A) ਸ਼ੈਲੀਗਤ
(B) ਅਲੰਕਾਰਕ
(C) ਪ੍ਰਤੀਕਾਰਤਮ
(D) ਉਪਦੇਸ਼ਾਤਮਕ

**26.**

| **ਸੂਚੀ-I** | **ਸੂਚੀ-II** |
|---|---|
| a. ਬਾਵਨ ਅਖਰੀ | 1. ਗੁਰੂ ਅਮਰਦਾਸਜੀ |
| b. ਸਿਧ ਗੋਸ਼ਟਿ | 2. ਗੁਰੂ ਅਰਜਨ ਦੇਵਜੀ |
| c. ਬਾਰਾਮਾਹ ਮਾਝ | 3. ਭਗਤ ਕਬੀਰਜੀ |
| d. ਅਨੰਦ ਸਾਹਿਬ | 4. ਗੁਰੂ ਨਾਨਕ ਦੇਵਜੀ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 4 | 2 | 1 |
| (B) | 4 | 3 | 2 | 1 |
| (C) | 1 | 3 | 2 | 4 |
| (D) | 3 | 2 | 1 | 4 |

**27.** ਗੁਰਮਤਿ ਕਾਵਿ ਦੇ ਮੁੱਖ ਰਚਨਾਤਮਕ ਸੰਦਰਭ ਹਨ :

(A) ਜਥਾਰਥ ਚੇਤਨਾ ਅਤੇ ਧਾਰਮਿਕ ਦ੍ਰਿਸ਼ਟੀ
(B) ਦਾਰਸ਼ਨਿਕ ਚਿੰਤਨ ਅਤੇ ਜਥਾਰਥ ਦ੍ਰਿਸ਼ਟੀ
(C) ਰਹੱਸ ਚੇਤਨਾ ਅਤੇ ਸਰੋਦੀ ਅਨੁਭਵ
(D) ਪਰਮਾਰਥਚੇਤਨਾ ਅਤੇ ਸਮਾਜਿਕ ਬਰਾਬਰੀ

**28.** ਕਿਹੜੀ ਰਚਨਾ ਵਿਚ ਸ੍ਰਿਸ਼ਟੀ ਤੋਂ ਪੂਰਬਲੀ ਅਵਸਥਾ ਦਾ ਵਰਨਣ ਮਿਲਤਾ ਹੈ :

(A) ਬਾਰਹਮਾਹ ਮਾਝ

(B) ਮਾਰੂ ਸੋਲਹੇ

(C) ਸੁਖਮਨੀ

(D) ਵਾਰ ਸਾਰੰਗ

**29.** ਕਿਹੜਾ ਜੁੱਟ ਸਹੀ ਹੈ :

(A) ਆਸ਼ਾ ਦੀ ਵਾਰ : ਟੁੰਡੇ ਅਸਰਾਜੇ ਦੀ ਧੁਨੀ

(B) ਗਉੜੀ ਦੀ ਵਾਰ : ਰਾਇ ਕਮਾਲ ਮੋਜ ਦੀ ਧੁਨੀ

(C) ਮਲਾਰ ਦੀ ਵਾਰ : ਰਾਣੇ ਕੈਲਾਸ਼ ਤਥਾ ਮਾਲਦੇਵ ਦੀ ਧੁਨੀ

(D) ਮਾਝ ਦੀ ਵਾਰ : ਲਲਾਂ ਬਹਿਲੀਮਾਂ ਦੀ ਧੁਨੀ

**30.** ਗੁਰਮਤਿ ਵਿਚਾਰਧਾਰਾ ਦੇ ਮੁੱਖ ਸੰਕਲਪ ਹਨ :

(A) ਸੱਚ, ਸੇਵਾ, ਇਸ਼ਨਾਨ

(B) ਨਾਮ, ਹੁਕਮ, ਸੱਚ

(C) ਹਉਮੈ, ਦਾਨ, ਅਹਿੰਸਾ

(D) ਸੰਤੋਖ, ਸੁੱਚ, ਨਿਰਮਾਣਤਾ

**31.** **(A) ਕਥਨ :** ਨਾਨਕਬਾਣੀ ਵਿਚ ਮਾਨਵਤਾ ਦੀਆਂ ਭੰਡਣਯੋਗ ਸਥਿਤੀਆਂ ਅਤੇ ਪ੍ਰਸਥਿਤੀਆਂ ਦਾ ਵਰਨਣ ਜਿਸ ਤੀਵਰਤਾ ਨਾਲ ਕੀਤਾ ਗਿਆ ਹੈ, ਉਸ ਤੀਵਰਤਾ ਨਾਲ ਮਨੁੱਖ ਦੇ ਦੁੱਖ ਜਾਂ ਕਸ਼ਟ ਦਾ ਨਹੀਂ । ਨਾਨਕ ਬਾਣੀ ਦੇ ਮਾਨਵ-ਵਰਣਨ ਦਾ ਪ੍ਰਧਾਨ ਸੁਰ ਰੋਸ ਜਾਂ ਕ੍ਰੋਧ ਹੈ, ਕਰੁਣਾ ਜਾਂ ਦਯਾ ਨਹੀਂ ।

**(R) ਕਾਰਨ :** ਕਾਰਨ ਇਹ ਹੈ ਕਿ ਨਾਨਕਬਾਣੀ ਦੀ ਦ੍ਰਿਸ਼ਟੀ ਮਾਨਵ ਦੀ ਪਾਪ-ਭਾਵਨਾ ਜਾਂ ਮੰਦ ਕਰਮ ਉਪਰ ਹੈ, ਉਸਦੀ ਤ੍ਰਾਸਦ-ਸਥਿਤੀ ਉਪਰ ਨਹੀਂ :

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਅਤੇ (R) ਗਲਤ ਹੈ

(B) (A) ਅਤੇ (R) ਦੋਵੇਂ ਗਲਤ ਹਨ

(C) (A) ਅਤੇ (R) ਦੋਵੇਂ ਸਹੀ ਹਨ

(D) (A) ਆਂਸ਼ਿਕ ਸਹੀ ਤੇ (R) ਗਲਤ ਹੈ

**32.** ਕਿਹੜਾ ਜੁੱਟ ਸਹੀ ਹੈ :

(A) ਹੀਰ (ਦਮੋਦਰ) : ਸੱਦ

(B) ਹੀਰ (ਮੁਕਬਲ) : ਕੋਰੜਾ

(C) ਸੱਸੀ (ਹਾਸ਼ਮ) : ਦੱਵਈਆ

(D) ਸੋਹਣੀ (ਫਜ਼ਲਸ਼ਾਹ) : ਸਿਰਖੰਡੀ

**33.** **(A) ਕਥਨ :** ਵਾਰ ਪੰਜਾਬੀ ਦਾ ਅਜਿਹਾ ਮੌਲਿਕ ਕਾਵਿ ਰੂਪ ਹੈ ਜੋ ਆਦਿ ਕਾਲ ਤੋਂ ਆਰੰਭ ਹੋ ਕੇ ਆਧੁਨਿਕ ਕਾਲ ਤੱਕ ਨਿਰੰਤਰ ਰੂਪ ਵਿਚ ਪ੍ਰਚਲਤ ਹੈ । ਫਿਰ ਵੀ ਵਾਰ ਸਾਹਿਤ ਦਾ ਸਭ ਤੋਂ ਵਧੇਰੇ ਪ੍ਰਚਲਨ ਸਤਾਰ੍ਹਵੀ ਤੋਂ ਲੈ ਕੇ ਉਨ੍ਹੀਵੀ ਸਦੀ ਤੱਕ ਰਿਹਾ ਹੈ ।

**(R) ਕਾਰਨ :** ਕਿਉਂਕਿ ਵਾਰ ਜਿਹਾ ਵੀਰ ਰਸੀ ਰੂਪ ਉਦੋਂ ਜਿਆਦਾ ਲੋਕਪ੍ਰਿਅ ਹੁੰਦਾ ਹੈ ਜਦ ਕੋਈ ਵੀ ਸਮਾਜਿਕ ਸਮੂਹ ਅਤੇ ਭਾਈਚਾਰਾ ਬਹੁਪਾਸਾਰੀ ਦਮਨ ਦਾ ਸ਼ਇਕਾਰ ਹੁੰਦਾ ਹੈ । ਉਹ ਭਾਈਚਾਰਾ ਉਸ ਦਮਨ ਦੇ ਪ੍ਰਤਿਉੱਤਰ ਵਿਚ ਹੀ ਵਾਰ ਵਰਗੇ ਵੀਰ ਰਸੀ ਕਾਵਿ ਰੂਪ ਵਿਚ ਰਚਨਾਵਾਂ ਕਰਦਾ ਹੈ

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਅਤੇ (R) ਆਂਸ਼ਿਕ ਸਹੀ ਹੈ

(B) (A) ਅਤੇ (R) ਦੋਵੇਂ ਸਹੀ ਹਨ

(C) (A) ਗਲਤ ਅਤੇ (R) ਸਹੀ ਹੈ

(D) (A) ਅਤੇ (R) ਦੋਵੇਂ ਆਂਸ਼ਿਕ ਸਹੀ ਹਨ

34. 'ਹੂਰਾਂ ਸੂਣਵਤ ਬੀਜ ਨੂੰ ਘਤ ਘੇਰ ਖਲੋਈਆਂ
ਲਾੜਾ ਵੇਖਣ ਲਾੜੀਆਂ, ਚੌਗਿਰਦੇ ਹੋਈਆਂ'
ਵਿਚੇ ਪੇਸ਼ ਹੋਈ ਸਥਿਤੀ ਦਾ ਸੰਬੰਧ ਹੈ :

(A) ਵੀਰ ਰਸ ਤੇ ਸਿੰਗਾਰ ਰਸ ਦੇ ਸੁਮੇਲ ਨਾਲ
(B) ਯੁੱਧ ਵਿਚ ਸੂਰਮਗਤੀ ਦਾ ਵਰਣਨ
(C) ਦੈਂਤਾਂ ਦੀ ਦਲੇਰੀ ਨਾਲ
(D) ਨਾਇਕਾ ਦੀ ਯੁੱਧ ਨੀਤੀ ਨਾਲ

35. ਕਿਹੜਾ ਜੁੱਟ ਸਹੀ ਹੈ :

(A) ਸਦਾਚਾਰਕ : ਪੂਰਨ ਭਗਤ, ਭਰਥਰੀ ਹਰੀ
(B) ਵਿਦੇਸ਼ੀ ਮੂਲ : ਯੂਸਫ ਜੁਲੈਖਾਂ, ਹੀਰ ਵਾਰਿਸ
(C) ਇਸ਼ਕ : ਸੋਹਣੀ ਮਹੀਵਾਲ, ਦੁੱਲਾ ਭੱਟੀ
(D) ਸੂਰਮਗਤੀ : ਲੇਲਾ ਮਜਨੂੰ, ਜਿਉਣਾ ਮੌੜ

36. ਪੰਜਾਬੀ ਕਿੱਸਾ ਕਾਵਿ ਦੇ ਨਾਇਕ ਦੀ ਮੁੱਖ ਵਿਸ਼ੇਸ਼ਤਾ ਹੈ :

(A) ਜਥਾਰਥ ਦ੍ਰਿਸ਼ਟੀ, ਦ੍ਰਿੜਤਾ, ਦਾਨਸ਼ੀਲਤਾ
(B) ਆਦਰਸ਼-ਪ੍ਰੇਰਿਤ, ਇਸ਼ਕ, ਨਾਬਰੀ
(C) ਨਾਬਰੀ, ਬੇਗਾਨਗੀ, ਪ੍ਰੇਮ ਭਗਤੀ
(D) ਇਸ਼ਕ, ਤਿਆਗ ਅਤੇ ਵੇਦਨਾ

37.

| ਸੂਚੀ-I | ਸੂਚੀ-II |
|---|---|
| a. ਸੋਹਣੀ ਹਾਸ਼ਮ | 1. ਗੁਲਵੰਤ ਸਿੰਘ |
| b. ਕਾਦਰਯਾਰ : ਜੀਵਨ ਤੇ ਰਚਨਾ | 2. ਹਰਨਾਮ ਸਿੰਘ ਸ਼ਾਨ |
| c. ਸੱਸੀ ਹਾਸ਼ਮ | 3. ਪਿਆਰਾ ਸਿੰਘ ਪਦਮ |
| d. ਹੀਰ ਵਾਰਿਸ | 4. ਜੀਤ ਸਿੰਘ ਸੀਤਲ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 2 | 3 | 4 | 1 |
| (B) | 1 | 2 | 4 | 3 |
| (C) | 3 | 1 | 2 | 4 |
| (D) | 4 | 3 | 1 | 2 |

38. ਕਿੱਸਾ ਸੱਸੀ ਹਾਸਮ ਵਿਚ ਸੱਸੀ ਦਾ ਪੁੰਨੂ ਨਾਲ ਇਸਕ ਕਿਸ ਰੂਪ ਵਿਚ ਹੋਇਆ :

(A) ਅਨੁਰਾਗ
(B) ਰਾਗ
(C) ਪੂਰਵ-ਰਾਗ
(D) ਵੈਰਾਗ

39. **(A) ਕਥਨ :** ਪੰਜਾਬੀ ਮੱਦ ਦੇ ਆਧੁਨਿਕਕਾਲ ਵਿਚ ਉਤਪੱਨ ਹੋਣ ਦੇ ਇਤਿਹਾਸਕ ਅਤੇ ਸਮਾਜ-ਸਭਿਆਚਾਲਕ ਕਾਰਨਾਂ ਵੱਲ ਵਿਦਵਾਨਾਂ ਨੇ ਸਿਰਫ਼ ਸੰਕੇਤ ਹੀ ਨਹੀਂ ਕੀਤਾ ਸਗੋਂ ਇਸ ਸੰਬੰਧੀ ਨਿਰੰਤਰ ਰੂਪ ਡੂੰਘੀ ਖੋਜ ਵੀ ਕੀਤੀ ਹੈ ।

**(R) ਕਾਰਨ :** ਉਨ੍ਹੀਵੀ ਸਦੀ ਦੇ ਅੰਤਲੇ ਦਹਾਕਿਆਂ ਦੌਰਾਨ ਪੰਜਾਬ ਵਿਚ ਅਜਿਹੀਆਂ ਵਿਆਪਕ ਤਬਦੀਲੀਆਂ ਵਾਪਰੀਆਂ ਜਿਨ੍ਹਾਂ ਨੇ ਕਵਿਤਾ ਦੇ ਨਾਲ ਨਾਲ ਕਈ ਹੋਰ ਗੱਦ ਰੂਪਾਂ ਵਿਚ ਵੀ ਸਿਰਜਣਾਤਮਕ ਅਮਲ ਨੂੰ ਤਿਖਿਆਂ ਕੀਤਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ
(B) (A) ਗਲਤ ਹੈ ਅਤੇ (R) ਸਹੀ
(C) (A) ਸਹੀ ਹੈ ਅਤੇ (R) ਗਲਤ
(D) (A) ਅਤੇ (R) ਦੋਵੇਂ ਗਲਤ ਹੈ

CAREERINDIA

40. 'ਸ੍ਵੈ-ਜੀਵਨੀ' ਰੂਪ ਦੀ ਵਿਸ਼ੇਸ਼ਤਾ ਹੈ
   (A) ਆਦਰਸ਼ਕ ਨਾਇਕ ਦਾ ਬਿਰਤਾਂਤ
   (B) ਮਹਾਨ ਵਿਅਕਤੀ ਜਾਂ ਨਾਇਕ ਦਾ ਵਰਣਨ
   (C) ਨਿੱਜੀ ਜੀਵਨ ਤੇ ਸ਼ਕਸ਼ੀਅਤ ਦੀ ਵਿਕਾਸ ਪ੍ਰਕਿਰਿਆ
   (D) ਜਥਾਰਥ ਤੋਂ ਜਥਾਰਤ ਤੱਕ ਦਾ ਅਮਲ

41. **(A) ਕਥਨ :** ਮਧਕਾਲੀ ਪੰਜਾਬੀ ਵਾਰਤਕ ਤੇ ਆਧੁਨਿਕ ਪੰਜਾਬੀ ਵਾਰਤਕ ਦੀ ਪ੍ਰਕਿਰਤੀ ਤੇ ਵਿਸ਼ੇਸ਼ਤਾ ਅਸਲੋਂ ਭਿੰਨ ਹੈ । ਇਹਨਾਂ ਵਿਚ ਭਾਸ਼ਾਈ ਵੱਖਰਤਾ ਵੀ ਹੈ ।
   **(R) ਕਾਰਨ :** ਪਰ ਮਧਕਾਲੀ ਵਾਰਤਕ ਨੇ ਆਧੁਨਿਕ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਜੋ ਵਡਮੁੱਲਾ ਯੋਗਦਾਨ ਪਾਇਆ ਹੈ, ਉਸਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ।
   ਉਪਰੋਕਤ ਵਿਚੋਂ ਕਿਹੜਾ ਸਹੀ ਹੈ :
   (A) (A) ਸਹੀ ਹੈ ਅਤੇ (R) ਆਂਸ਼ਿਕ ਸਹੀ
   (B) (A) ਸਹੀ ਅਤੇ (R) ਗਲਤ ਹੈ
   (C) (A) ਅਤੇ (R) ਦੋਵੇਂ ਸਹੀ ਹਨ
   (D) (A) ਆਂਸ਼ਿਕ ਸਹੀ ਅਤੇ (R) ਗਲਤ ਹੈ

42. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿਹੜੇ ਵਾਰਤਕ ਰੂਪਾਂ ਵਿਚ ਰਚਨਾ ਕੀਤੀ :
   (A) ਨਿਬੰਧ, ਜੀਵਨੀ, ਸਵੈਜੀਵਨੀ, ਆਲੋਚਨਾ
   (B) ਅਨੁਵਾਦ, ਪੱਤਰਕਾਰੀ, ਸਵੈ ਜੀਵਨੀ, ਸਫ਼ਰਨਾਮਾ
   (C) ਟੀਕਾ, ਜੀਵਨੀ, ਅਨੁਵਾਦ, ਰੇਖਾ-ਚਿੱਤਰ
   (D) ਲਲਿਤ ਨਿਬੰਧ, ਸਫ਼ਰਨਾਮਾ, ਪੱਤਰਕਾਰੀ, ਜੀਵਨੀ

43.

| ਸੂਚੀ-I | ਸੂਚੀ-II |
|---|---|
| a. ਸਪਤ ਸ੍ਰਿੰਗ | 1. ਸ੍ਵੈ ਜੀਵਨੀ |
| b. ਮਲ੍ਹੇ ਝਾੜੀਆਂ | 2. ਅਨੁਵਾਦ |
| c. ਅਬਚਲੀ ਜੋਤ | 3. ਰੇਖਾ-ਚਿੱਤਰ |
| d. ਮੂਰਤਾਂ | 4. ਨਿਬੰਧ ਸੰਗ੍ਰਹਿ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 1 | 3 | 4 | 2 |
| (B) | 2 | 4 | 1 | 3 |
| (C) | 4 | 1 | 2 | 3 |
| (D) | 4 | 2 | 3 | 1 |

44. ਜਨਮ ਸਾਖੀ ਪਰੰਪਰਾ ਦੀਆਂ ਮੁੱਖ ਰਚਨਾਵਾਂ ਹਨ :
   (A) ਪੁਰਾਤਨ ਜਨਮ ਸਾਥੀ, ਪ੍ਰਾਣੀ ਸੰਗਲੀ, ਭਾਈ ਬਾਲੇ ਵਾਲੀ ਜਨਮ ਸਾਖੀ
   (B) ਆਦਿ ਸਾਖੀਆਂ, ਭਾਈ ਬਾਲੇ ਵਾਲੀ ਜਨਮ ਸਾਖੀ, ਸੋਢੀ ਮਿਹਰਬਾਨ ਵਾਲੀ ਜਨਮ ਸਾਖੀ
   (C) ਹੰਦਾਲੀਆਂ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਗਿਆਨ-ਪ੍ਰਬੋਧ
   (D) ਗਿਆਨ ਰਤਨਾਵਲੀ, ਸੰਭੂ ਨਾਥ ਵਾਲੀ ਜਨਮ ਸਾਖੀ, ਭਗਤ ਰਤਨਾਵਲੀ

CAREERINDIA

**45.** ਵਾਰਤਕ ਰੂਪ 'ਪਰਚੀਆਂ' ਦੇ ਲੇਖਕ ਹਨ :

(A) ਭਾਈ ਦਇਆ ਰਾਮ, ਅੱਡਣ ਸ਼ਾਹ, ਭਾਈ ਸੋਭਾ ਰਾਮ

(B) ਸਾਧੂ ਸਦਾ ਨੰਦ, ਭਾਈ ਸਹਿਜ ਰਾਮ, ਭਾਈ ਸੇਵਾ ਰਾਮ

(C) ਅੱਡਣ ਸ਼ਾਹ, ਭਾਈ ਸੇਵਾ ਰਾਮ, ਭਾਈ ਸਹਿਜ ਰਾਮ

(D) ਭਾਈ ਕਨ੍ਹਈਆ, ਭਾਈ ਸੇਵਾ ਰਾਮ, ਭਾਈ ਸਹਿਜ ਰਾਮ

**46.** ਪੰਜਾਬੀ ਸਫ਼ਰਨਾਮਾ ਲੇਖਕਾਂ ਦਾ ਸਹੀ ਕ੍ਰਮ ਹੈ :

(A) ਹਰਭਜਨ ਹਲਵਾਰਵੀ, ਲਾਲ ਸਿੰਘ ਕਮਲਾ ਅਕਾਲੀ, ਬਲਰਾਜ ਸਾਹਨੀ, ਹਰਭਜਨ ਸਿੰਘ

(B) ਹਰਭਜਨ ਸਿੰਘ, ਬਲਰਾਜ ਸਾਹਨੀ, ਲਾਲ ਸਿੰਘ ਕਮਲਾ ਅਕਾਲੀ, ਹਰਭਜਨ ਹਲਵਾਰਵੀ

(C) ਬਲਰਾਜ ਸਾਹਨੀ, ਲਾਲ ਸਿੰਘ ਕਮਲਾ ਅਕਾਲੀ, ਹਰਭਜਨ ਸਿੰਘ, ਹਰਭਜਨ ਹਲਵਾਰਵੀ

(D) ਲਾਲ ਸਿੰਘ ਕਮਲਾ ਅਕਾਲੀ, ਬਲਰਾਜ ਸਾਹਨੀ, ਹਰਭਜਨ ਸਿੰਘ, ਹਰਭਜਨ ਹਲਵਾਰਵੀ

**47.** ਕਿਹੜਾ ਜੁੱਟ ਨਵ-ਪ੍ਰਗਤੀਵਾਦੀ ਕਵੀਆਂ ਦਾ ਹੈ :

(A) ਹਰਿਭਜਨ ਸਿੰਘ, ਜਸਵੀਰ ਸਿੰਘ ਆਹਲੂਵਾਲੀਆ, ਹਰਭਜਨ ਸਿੰਘ ਹੁੰਦਲ

(B) ਪਾਸ਼, ਸੰਤਰਾਮ ਉਦਾਸੀ, ਲਾਲ ਸਿੰਘ ਦਿਲ

(C) ਰਵਿੰਦਰ ਰਵੀ, ਪਾਸ਼, ਹਰਿੰਦਰ ਸਿੰਘ ਮਹਿਬੂਬ

(D) ਪ੍ਰੀਤਮ ਸਿੰਘ ਸਫ਼ੀਰ, ਮੋਹਣ ਸਿੰਘ ਮੀਸ਼ਾ, ਸ਼ਿਵ ਕੁਮਾਰ

**48.** 'ਮੇਰੀ ਕਾਵਿ ਯਾਤਰਾ' ਕਿਸ ਕਵੀ ਦਾ ਸੰਪੂਰਨ ਕਾਵਿ ਸੰਗ੍ਰਹਿ ਹੈ :

(A) ਹਰਭਜਨ ਹਲਵਾਰਵੀ (B) ਪ੍ਰੀਤਮ ਸਿੰਘ ਸਫੀਰ

(C) ਹਰਿਭਜਨ ਸਿੰਘ (D) ਦੇਵ

**49.**

| ਸੂਚੀ-I | ਸੂਚੀ-II |
|---|---|
| a. ਕਾਵਿ ਦੇ ਤੱਤ | 1. ਸੰਤ ਸਿੰਘ ਸੇਖੋਂ |
| b. ਰੂਪਕੀ | 2. ਅਤਰ ਸਿੰਘ |
| c. ਕਾਵਿ ਅਧਿਐਨ | 3. ਪ੍ਰੇਮ ਪ੍ਰਕਾਸ਼ ਸਿੰਘ |
| d. ਸਾਹਿਤਿਆਰਥ | 4. ਹਰਿਭਜਨ ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 2 | 1 | 4 |
| (B) | 2 | 3 | 4 | 1 |
| (C) | 3 | 4 | 2 | 1 |
| (D) | 4 | 3 | 2 | 1 |

**50.** 'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ' ਕਾਵਿ ਸਤਰ ਵਿਚ ਕਿਹੜੀ ਭਾਸ਼ਾ ਜੁਗਤ ਹੈ :

(A) ਮਿਆਰੀ (B) ਪਰਹਨ

(C) ਖੇਤਰੀ (D) ਅਗਰਭੂਮਣ

**51.** ਲੋਕ ਭਾਸ਼ਾ, ਲੋਕ ਛੰਦ ਅਤੇ ਲੋਕ ਚੇਤਨਾ ਦਾ ਕਵੀ ਹੈ :

(A) ਭਾਈ ਵੀਰ ਸਿੰਘ
(B) ਧਨੀ ਰਾਮ ਚਾਤ੍ਰਿਕ
(C) ਪੂਰਨ ਸਿੰਘ
(D) ਗੁਰਮੁਖ ਸਿੰਘ ਮੁਸਾਫਿਰ

**52.** ਆਧੁਨਿਕ ਪੰਜਾਬੀ ਕਵਿਤਾ ਦੇ ਮੁੱਖ ਪਛਾਣ ਚਿੰਨ੍ਹ ਹਨ

(A) ਰੁਮਾਂਸ, ਮਾਨਸਿਕ ਪੀੜਾ, ਰਾਸ਼ਟਰੀ ਚੇਤਨਾ ਅਤੇ ਮਾਨਵਵਾਦ
(B) ਅਧਿਆਤਮਕ ਬੋਧ, ਸੰਵਾਦ, ਖੇੜਾ ਅਤੇ ਮਸਤੀ
(C) ਆਤਮ ਬੋਧ, ਸੰਵਾਦ, ਸੰਤਾਪ ਅਤੇ ਅਸੰਗਤੀ
(D) ਅਨਾਤਮ ਬੋਧ, ਏਕਾਲਾਪ, ਖੇੜਾ ਅਤੇ ਮਸਤੀ

**53.** **(A) ਕਥਨ :** ਡਾ. ਹਰਿਭਜਨ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਸਮੁੱਚੇ ਵਿਕਾਸ ਨੂੰ ਗਤੀ, ਪ੍ਰਗਤੀ ਤੇ ਨਵਗਤੀ ਵਿਚ ਵੰਡਿਆ ਹੈ । ਉਸ ਅਨੁਸਾਰ ਮੁੱਢਲੇ ਦੌਰ ਵਿਚ ਧਾਰਮਿਕ ਅਤੀਤ, ਦੂਜੇ ਵਿਚ ਪ੍ਰਗਤੀ ਦਾ ਯੁੱਗ ਅਤੇ ਫਿਰ ਤੀਜੇ ਦੌਰ ਵਿਚ ਜੀਵਨ ਦੀ ਵਿਜੁਗਤੀ ਨੂੰ ਪ੍ਰਧਾਨ ਸੁਰ ਮਿਲੀ ।

**(R) ਕਾਰਨ :** ਪਰ ਨਵਗਤੀ ਵਾਲੇ ਵਿਗਿਆਨਕ ਯੁੱਗ ਵਿਚ ਜਿਥੇ ਵਿਗਿਆਨਕ ਤੇ ਬੌਧਿਕ ਚੇਤਨਾ ਦਾ ਬੋਲਬਾਲਾ ਸੀ, ਉਥੇ ਕਿਸੇ ਨੇ ਵੀ ਪੁਰਾਣੀ ਪਰੰਪਰਾ ਭਾਵ ਸੰਜੁਗਤੀ ਨੂੰ ਪੇਸ਼ ਕਰਨ ਵਲ ਧਿਆਨ ਨਹੀਂ ਦਿੱਤਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ
(B) (A) ਸਹੀ ਅਤੇ (R) ਗਲਤ ਹੈ
(C) (A) ਸਹੀ ਅਤੇ (R) ਆਂਸ਼ਿਕ ਸਹੀ ਹੈ
(D) (A) ਗਲਤ ਹੈ ਅਤੇ (R) ਸਹੀ ਹੈ

**54.** ਭਾਰਤ-ਪਾਕ ਵੰਡ ਦੇ ਦੁਖਾਂਤ ਨੂੰ ਪੇਸ਼ ਕਰਨ ਵਾਲੀਆਂ ਕਵਿਤਾਵਾਂ ਹਨ :

(A) ਅੱਜ ਆਖਾਂ ਵਾਰਿਸਸ਼ਾਹ ਨੂੰ (ਅੰਮ੍ਰਿਤਾ ਪ੍ਰੀਤਮ) ਅਤੇ ਦੁਧ ਦਾ ਕਤਲ (ਸ਼ਿਵਕੁਮਾਰ)
(B) ਅੱਜ ਆਖਾਂ ਵਾਰਿਸਸ਼ਾਹ ਨੂੰ (ਅੰਮ੍ਰਿਤਾ ਪ੍ਰੀਤਮ) ਅਤੇ ਚੁੱਪ ਦੇ ਜ਼ਜ਼ੀਰੇ (ਜਗਤਾਰ)
(C) ਅੱਜ ਆਖਾਂ ਵਾਰਿਸਸ਼ਾਹ ਨੂੰ (ਅੰਮ੍ਰਿਤਾ ਪ੍ਰੀਤਮ) ਅਤੇ ਸਭ ਤੋਂ ਖਤਰਨਾਕ (ਪਾਸ਼)
(D) ਦੁੱਧ ਦਾ ਕਤਲ (ਸ਼ਿਵ ਕੁਮਾਰ) ਅਤੇ ਚੁੱਪ ਦੇ ਜ਼ਜ਼ੀਰੇ (ਜਗਤਾਰ)

**55.** **(A) ਕਥਨ :** ਪੰਜਾਬੀ ਨਾਵਲ ਦਾ ਆਰੰਭ ਨਿਰੋਲ ਰੂਪ ਵਿਚ ਅੰਗਰੇਜਾਂ ਦੇ ਪੰਜਾਬ ਉਤੇ ਕਬਜ਼ੇ ਤੋਂ ਹੀ ਮੰਨਿਆ ਜਾ ਸਕਦਾ ਹੈ । ਅੰਗਰੇਜ਼ੀ ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ, ਛਾਪੇ ਖਾਨੇ ਅਤੇ ਅਖ਼ਬਾਰ ਰਸਾਲਿਆਂ ਦਾ ਪ੍ਰਕਾਸ਼ਨ ਆਦਿ ਅਜੇਹੇ ਕਾਰਨ ਹਨ, ਜਿਨ੍ਹਾ ਨੇ ਪੰਜਾਬੀ ਨਾਵਲ ਦੇ ਜਨਮ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ।

**(R) ਕਾਰਨ :** ਪੰਜਾਬੀ ਨਾਵਲ ਦੇ ਪੂਰਵਜ਼ ਅਸਲ ਵਿਚ ਪੰਜਾਬੀ ਵਿਰਤਾਂਤ ਹੀ ਹਨ, ਤੇ ਜੇਕਰ ਅਸੀਂ ਉਨ੍ਹੀਵੀ ਸਦੀ ਦੇ ਅਖੀਰਲੇ ਦਹਾਕਿਆਂ ਦੇ ਭੁੱਲੇ ਵਿਸਰੇ ਨਾਵਲਾਂ ਦੀਆਂ ਗੁਆਚੀਆਂ ਲੜੀਆਂ ਲੱਭਿਏ ਤਾਂ ਪਤਾ ਲਗਤਾ ਹੈ ਕਿ ਮਨੁੱਖੀ ਸੁਭਾਅ ਦੀ ਪੇਸ਼ਕਾਰੀ ਦੇ ਪੱਖੋਂ ਪੰਜਾਬੀ ਨਾਵਲ ਵਿਕਾਸ ਦੇ ਕਈ ਪੜ੍ਹਾ ਲੰਘਦਾ ਹੋਇਆ ਹੀ ਨਾਵਲ ਦੇ ਆਧੁਨਿਕ ਰੂਪਾਕਾਰ ਤੱਕ ਪੁੱਜਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ
(B) (A) ਆਂਸ਼ਿਕ ਸਹੀ ਹੈ ਅਤੇ (R) ਸਹੀ ਹੈ
(C) (A) ਅਤੇ (R) ਆਂਸ਼ਿਕ ਸਹੀ ਹਨ
(D) (A) ਅਤੇ (R) ਗਲਤ ਹਨ

**56.** ਪੰਜਾਬੀ ਗਲਪ-ਸ਼ਾਸਤਰ ਦੀ ਨਿਰਮਾਣ ਕਾਰੀ ਦੇ ਮੂਲ ਆਧਾਰ ਹਨ :

(A) ਸਮੱਸਿਆ ਪਰਕਤਾ, ਸਮਾਜਿਕਤਾ ਅਤੇ ਜਥਾਰਥ ਮੂਲਕਤਾ

(B) ਜਥਾਰਥ ਵਰਨਣ, ਬਿਰਤਾਂਤਕਤਾ ਅਤੇ ਪ੍ਰਵਿਰਤੀ ਮੂਲਕਤਾ

(C) ਆਂਚਿਕਤਾ, ਜਥਾਰਥਵਾਦ ਅਤੇ ਸਮੱਸਿਆ-ਮੂਲਕਤਾ

(D) ਜਥਾਰਥ ਚਿਤਰਨ, ਸਭਿਆਚਾਰਕ ਭਾਵ-ਪ੍ਰਬੰਧ ਅਤੇ ਦ੍ਰਿਸ਼ਟੀ-ਮੂਲਕਤਾ

**57.** ਕੁਲਵੰਤ ਸਿੰਘ ਵਿਰਕ ਅਤੇ ਪ੍ਰੇਮ ਪ੍ਰਕਾਸ਼ ਦੀ ਕਹਾਣੀ ਕਲਾ ਵਿਚ ਮੂਲ ਫ਼ਰਕ ਹੈ ;

(A) ਹੁਨਰੀ ਕਹਾਣੀ, ਸਦੀਵੀ ਮਾਨਵੀ ਮੁੱਲਾਂ ਦਾ ਤਣਾਉ ਅਤੇ ਦੇਸ਼ ਵੰਡ

(B) ਗੰਝਲਦਾਰ ਬਿਰਤਾਂਤ, ਕਾਮਨਾ ਮੂਲਕ ਦ੍ਰਿਸ਼ ਚਿਤਰਣ ਅਤੇ ਸਮਾਜਿਕ ਰਿਸ਼ਤਿਆਂ ਦਾ ਤਨਾਉ

(C) ਜਥਾਰਥਵਾਦੀ ਸ਼ੈਲੀ, ਪ੍ਰਤੀਕਾਤਮਕ ਭਾਸ਼ਾ ਅਤੇ ਰਿਸ਼ਤਿਆਂ ਦਾ ਭਾਵਮੂਲਕ ਤਣਾਉ

(D) ਆਧੁਨਿਕਤਾ ਵਾਦੀ ਸੰਵੇਦਨਾ, ਮਾਨਸਿਕ ਗੁੰਝਲਾਂ ਅਤੇ ਤਿੜਕੇ ਮਾਨਵੀ ਰਿਸ਼ਤਿਆਂ ਦੀ ਪੇਸ਼ਕਾਰੀ

**58.** ਨਾਨਕ ਸਿੰਘ ਅਤੇ ਸੁਰਿੰਦਰ ਸਿੰਘ ਨਰੂਲਾ ਦੀ ਨਾਵਲਕਾਰੀ ਦੀ ਬੁਨਿਆਦੀ ਸਾਂਝ ਹੈ :

(A) ਪ੍ਰਗਤੀਵਾਦੀ – ਸੁਧਾਰਵਾਦੀ ਨਾਵਲੀ ਸੰਦਰਭਾ ਦੀ ਸਿਰਜਣਾ ।

(B) ਸ਼ਹਿਰੀ – ਜਥਾਰਥ ਵਿਚਲੀਆਂ ਬੇਤਰਤੀਬੀਆਂ ਦੀ ਬਿਰਤਾਂਤਰ ਸਿਰਜਣਾ

(C) ਰੋਮਾਂਟਿਕ – ਪ੍ਰਗਤੀਵਾਦੀ ਥੀਮੈਟਕ ਪਾਸਾਰਾਂ ਦੀ ਸਿਰਜਣਾ

(D) ਸਮਾਜਿਕ – ਪ੍ਰਗਤੀ ਦੇ ਨਾਵਲੀ – ਬਿੰਬ ਦੀ ਸਿਰਜਣਾ

**59.** ਮੁੱਢਲੇ ਪੰਜਾਬੀ ਨਾਵਲ ਦਾ ਮੁੱਖ ਕਲਾਤਮਕ ਗੁਣ ਹੈ :

(A) ਧਾਰਮਿਕ ਪ੍ਰਤੀਮਾਨਾਂ ਦੀ ਪੇਸ਼ਕਾਰੀ

(B) ਸਮਾਜ-ਸੁਧਾਰਕ ਚੇਤਨਾ ਦੀ ਪੇਸ਼ਕਾਰੀ

(C) ਸਮਕਾਲੀ ਸੰਕਟਾਂ ਦੀ ਸੰਕੇਤਾਰਥੀ ਪੇਸ਼ਕਾਰੀ

(D) ਸਿੱਖ ਪਾਤਰਾਂ ਦੀ ਪੇਸ਼ਕਾਰੀ

**60.** ਨਰਿੰਦਰਪਾਲ ਸਿੰਘ ਦੀ ਨਾਵਲ-ਚੇਤਨਾ ਦਾ ਮੁੱਖ ਗੁਣ ਹੈ :

(A) ਜਥਾਰਥਵਾਦ, ਇਤਿਹਾਸਕਤਾ ਅਤੇ ਪ੍ਰਗਤੀਸ਼ੀਲ ਦ੍ਰਿਸ਼ਟੀ

(B) ਇਤਿਹਾਸ ਚੇਤਨਾ, ਪ੍ਰਯੋਗਵਾਦ ਅਤੇ ਰੋਮਾਂਸਵਾਦੀ ਦ੍ਰਿਸ਼ਟੀ

(C) ਆਦਰਸ਼ਵਾਦ, ਇਤਿਹਾਸ-ਚੇਤਨਾ ਅਤੇ ਸੁਧਾਰਵਾਦੀ ਦ੍ਰਿਸ਼ਟੀ

(D) ਸਮਾਜਿਕਤਾ, ਇਤਿਹਾਸ-ਚੇਤਨਾ ਅਤੇ ਯਥਾਰਥਵਾਦੀ ਦ੍ਰਿਸ਼ਟੀ

**61.** ਕਿਹੜਾ ਜੁੱਟ ਸਹੀ ਹੈ :

(A) ਸੁਜਾਨ ਸਿੰਘ : ਜਥਾਰਥਵਾਦ

(B) ਕੁਲਵੰਦ ਸਿੰਘ ਵਿਰਕ : ਮਨੋਵਿਗਿਆਨਕ ਜਥਾਰਥਵਾਦ

(C) ਕਰਤਾਰ ਸਿੰਘ ਦੁੱਗਲ : ਸਮਾਜਿਕ ਜਥਾਰਥਵਾਦ

(D) ਪ੍ਰੇਮ ਪ੍ਰਕਾਸ਼ : ਆਲੋਚਨਾਤਮਕ ਜਥਾਰਥਵਾਦ

CAREERINDIA

**62.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਗੁਰਦਿਆਲ ਸਿੰਘ ਦੀ ਗਲਪ-ਚੇਤਨਾ | 1. ਟੀ.ਆਰ. ਵਿਨੋਦ |
| b. ਪੰਜ ਨਾਵਲ | 2. ਜੋਗਿੰਦਰ ਸਿੰਘ ਰਾਹੀ |
| c. ਵਰਗ ਸੰਘਰਸ਼ ਤੇ ਪੰਜਾਬੀ ਗਲਪ | 3. ਕਿਸ਼ਨ ਸਿੰਘ |
| d. ਮਸਲੇ ਗਲਪ ਦੇ | 4. ਕੇਸਰ ਸਿੰਘ ਕੇਸਰ |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 4 | 2 | 3 | 1 |
| (B) | 3 | 4 | 2 | 1 |
| (C) | 3 | 1 | 4 | 2 |
| (D) | 2 | 1 | 1 | 4 |

**63.** ਨਕਲਾਂ ਅਤੇ ਰਾਸ ਕਿਸ ਨਾਟ-ਪਰੰਪਰਾ ਦੇ ਰੂਪ ਹਨ :

(A) ਸੰਸਕ੍ਰਿਤ ਨਾਟ ਪਰੰਪਰਾ
(B) ਭਾਰਤੀ ਨਾਟ ਸ਼ਾਸਤਰ
(C) ਪੰਜਾਬੀ ਲੋਕ ਨਾਟ
(D) ਮੁੱਢਲਾ ਪੰਜਾਬੀ ਨਾਟਕ

**64.** ਮੁੱਢਲੇ ਪੰਜਾਬੀ ਨਾਟਕਾਂ ਦਾ ਸਹੀ ਸਮੂਹ ਹੈ :

(A) ਸੁਪਨ ਦਰਸ਼, ਸੁੱਕਾ ਸਮੁੰਦਰ, ਸੁਭਦਰਾ, ਡੀ ਡੋ ਜਸਵਾਲ
(B) ਚੰਦਰਹਰੀ, ਰਾਜਾ ਲਖਦਾਤਾ ਸਿੰਘ, ਮਨਮੋਹਨ ਨਾਟਕ, ਦੁਲਹਨ (ਸੁਹਾਗ)
(C) ਸੁਹਾਗ, ਪੂਰਨ ਨਾਟਕ, ਨਾਰ ਨਵੇਲੀ, ਰਾਜ ਕੁਮਾਰੀ, ਲਤਿਕਾ
(D) ਮੁੰਦਰੀ ਛਲ, ਸ਼ਾਮੂ ਸ਼ਾਹ, ਪੂਰਬ ਪਛਮ, ਪੰਖੜੀਆਂ

**65.**

| ਸੂਚੀ-I | ਸੂਚੀ-II |
|---|---|
| a. ਝਨਾਂ ਦਾ ਪਾਣੀ | 1. ਜਗਦੀਸ਼ ਸਚਦੇਵ |
| b. ਧਰਮ ਗੁਰੂ | 2. ਬਲਵੰਤ ਗਾਰਗੀ |
| c. ਸੁਲਤਾਨ ਰਜ਼ੀਆ | 3. ਅਜਮੇਰ ਔਲਖ |
| d. ਸਾਵੀ | 4. ਸਵਰਾਜਬੀਰ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 4 | 1 | 2 |
| (B) | 3 | 4 | 2 | 1 |
| (C) | 4 | 3 | 1 | 2 |
| (D) | 2 | 4 | 1 | 3 |

www.careerindia

66. ਕਿਹੜਾ ਜੁੱਟ ਸਹੀ ਨਹੀਂ ਹੈ :

(A) ਹਰਭਜਨ ਸਿੰਘ : ਮਨ ਦੀਆਂ ਮਨ ਵਿਚ

(B) ਬਲਵੰਤ ਗਾਰਗੀ : ਕੇਸਰੋ

(C) ਗੁਰਚਰਨ ਸਿੰਘ ਜਸੂਜਾ : ਗਊਮੁਖਾ ਸ਼ੇਰਮੁਖਾ

(D) ਗੁਰਦਿ ਾਲ ਸਿੰਘ ਖੋਸਲਾ : ਬੇ ਘਰੇ

67. ਕਪੂਰ ਸਿੰਘ ਘੁੱਮਣ ਦੀ ਨਾਟਕ ਕਲਾ ਦਾ ਮੁੱਖ ਗੁਣ ਹੈ :

(A) ਪ੍ਰਯੋਗਵਾਦੀ ਪ੍ਰਵਿਰਤੀ ਅਤੇ ਸੰਚੀ ਜੁਗਤਾਂ ਦੀ ਵਰਤੋਂ

(B) ਪੜ-ਯਥਾਰਥਵਾਦੀ ਅਤੇ ਪ੍ਰਤੀਕਾਤਮਕ ਨਾਟ-ਸ਼ੈਲੀ

(C) ਇਤਿਹਾਸ ਅਤੇ ਮਿਥ ਕਥਾਵਾਂ ਦੀ ਪੁਨਰ-ਸਿਰਜਣਾ

(D) ਆਧੁਨਿਕਤਾਵਾਦੀ ਵਿਚਾਰ-ਪ੍ਰਬੰਧ ਦੀ ਪੇਸ਼ਕਾਰੀ

68. ਚਰਨ ਦਾਸ ਸਿੱਧੂ ਦੀ ਨਾਟਕ ਕਲਾ ਦਾ ਮੁੱਖ ਲਛਣ ਹੈ :

(A) ਜਥਾਰਥਵਾਦੀ ਅਤੇ ਪ੍ਰਤੀਕਾਤਮਕ ਸ਼ੈਲੀ

(B) ਦੁਆਬੀ ਆਂਚਲਿਕਤਾ ਅਤੇ ਦਲਿਤ ਚੇਤਨਾ

(C) ਮਹਾਨਗਰੀ ਚੇਤਨਾ ਦੀ ਪੇਸ਼ਕਾਰੀ

(D) ਪ੍ਰਯੋਗਵਾਦੀ ਰੰਗਮੰਚੀ ਜੁਗਤਾਂ ਦੀ ਵਰਤੋਂ

69. ਗੁਰਮੁਖੀ ਲਿਪੀ ਬਾਰੇ ਖੋਜ ਕੀਤੀ ਹੈ

(A) ਕਾਲਾ ਸਿੰਘ ਬੇਦੀ, ਜੀ.ਬੀ. ਸਿੰਘ, ਪਿਆਰਾ ਸਿੰਘ ਪਦਮ

(B) ਪ੍ਰੇਮ ਪ੍ਰਕਾਸ਼ ਸਿੰਘ, ਬੂਟਾ ਸਿੰਘ ਬਰਾੜ, ਪਰਮ ਜੀਤ ਸਿੰਘ ਸਿਧੂੰ

(C) ਹਰ ਕੀਰਤ ਸਿੰਘ, ਸ.ਸ. ਜੋਸੀ, ਬਲਬੀਰ ਸਿੰਘ ਸੰਧੂ

(D) ਹਰ ਜੀਤ ਸਿੰਘ ਗਿੱਲ, ਦੁਨੀ ਚੰਦ੍ਰ, ਵਿਦਿਆ ਭਾਸਕਰ ਅਰੁਣ

70. ਵਿਹਾਰਕ ਸਮੀਖਿਆ ਦਾ ਮੁਖ ਪ੍ਰਯੋਜਨ ਹੈ :

(A) ਪਾਠਗਤ ਵਿਆਖਿਆਂ ਅਤੇ ਰਚਨਾਤਮਕ ਜੁਗਤਾਂਵਾ ਵਿਸ਼ਲੇਸ਼ਣ

(B) ਰਚਨਾ ਵਿਸ਼ਲੇਸ਼ਣ ਅਤੇ ਥੀਮਕ ਪਾਸ਼ਾਰਾਂ ਦੀ ਵਿਆਖਿਆ

(C) ਰਚਨਾ ਦੀ ਸਰਬਾਂਗੀ ਵਿਆਖਿਆਂ ਤੇ ਨੇਮ-ਪ੍ਰਬੰਧ ਦੀ-ਤਲਾਸ਼

(D) ਵਿਸ਼ੈਗਤ ਸੰਭਾਵਨਾਵਾਂ ਤੇ ਸ਼ੈਲੀਗਤ ਜੁਗਤਾਂ ਦਾ ਵਿਸ਼ਲੇਸ਼ਣ

**71.** ਸੂਚੀ-I ਸੂਚੀ-II

a. ਸੋਧਾਂ ਤੇ ਸਾਰਾਂ 1. ਸੁਤਿੰਦਰ ਸਿੰਘ ਨੂਰ

b. ਸਮੀਖਿਆ ਦ੍ਰਿਸ਼ਟੀਆਂ 2. ਤਰਲੋਕ ਸਿੰਘ ਕੰਵਰ

c. ਸੰਚਾਰ ਸਭਿਆਚਾਰ 3. ਨਜਰ ਹੁਸੇਨ ਸੱਯਦ

d. ਕਵਿਤਾ ਦੀ ਭੂਮਿਕਾ 4. ਸੰਤ ਸਿੰਘ ਸੇਖੋਂ

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 3 | 2 | 4 | 1 |
| (B) | 3 | 4 | 2 | 1 |
| (C) | 4 | 3 | 2 | 1 |
| (D) | 2 | 4 | 3 | 1 |

**72.** ਪੰਜਾਬੀ ਦੇ ਨਵਲੋਚਕਾਂ ਦਾ ਕਿਹੜਾ ਸਮੂਹ ਸਹੀ ਹੈ :

(A) ਗੁਰਭਗਤ ਸਿੰਘ, ਪਿਆਰ ਸਿੰਘ, ਈਸ਼ਰ ਸਿੰਘ ਤਾਂਘ, ਕੁਲਬੀਰ ਸਿੰਘ ਕਾਂਗ

(B) ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਅਤਰ ਸਿੰਘ, ਰਵਿੰਦਰ ਸਿੰਘ ਰਵੀ

(C) ਕਿਸ਼ਨ ਸਿੰਘ, ਕਰਨੈਲ ਸਿੰਘ ਥਿੰਦ, ਹਰਭਜਨ ਸਿੰਘ ਭਾਟੀਆ, ਤੇਜਵੰਤ ਸਿੰਘ ਗਿੱਲ

(D) ਪ੍ਰਿੰ. ਤੇਜਾ ਸਿੰਘ, ਡਾ. ਆਤਮਜੀਤ ਸਿੰਘ, ਕੇਸਰ ਸਿੰਗ ਕੇਸਰ, ਕਰਨਜੀਤ ਸਿੰਘ

**73.** ਹਰਿਭਜਨ ਸਿੰਘ ਅਤੇ ਅਤਰ ਸਿੰਘ ਦੇ ਪੰਜਾਬੀ ਸਮੀਖਿਆ ਦੇ ਸਮਾਨੰਤਰ ਪਰਿਪੇਖ ਹਨ :

(A) ਪਾਠ-ਪ੍ਰਬੰਧ, ਵਿਚਾਰਧਾਰਾ ਅਤੇ ਇਤਿਹਾਸਕ ਪਰਿਪੇਖ

(B) ਪਾਠ-ਪ੍ਰਬੰਧ, ਅਰਥ-ਪਾਸਾਰ ਅਤੇ ਕਾਵਿਸ਼ਾਸਤਰੀ ਪਰਿਪੇਖ

(C) ਪਾਠ, ਪ੍ਰਵਚਨ ਅਤੇ ਵਿਰਚਨਾਤਮਕ ਪਰਿਪੇਖ

(D) ਪਾਠਗਤ ਜੁਗਤਾਂ, ਰਚਨਾ-ਸ਼ਾਸਤਰ ਅਤੇ ਸੁਹਜਸ਼ਾਸਤਰੀ ਪਰਿਪੇਖ

**74.** ਪੰਜਾਬੀ ਲੋਕਯਾਨ ਅਤੇ ਸਭਿਆਚਾਰ ਵਿਚ ਹੋਈ ਖੋਜ ਦੀ ਮੁੱਖ ਵਿਸ਼ੇਸ਼ਤਾ ਹੈ :

(A) ਪਾਠਮੂਲਕ ਤੇ ਆਲੋਚਨਾਪਰਕ (B) ਪ੍ਰਭਾਵ ਮੂਲਕ ਤੇ ਸੰਦਰਭ ਮੂਲਕ

(C) ਵਿਆਖਿਆ ਮੂਲਕ ਤੇ ਸਰਵੇਖਣ ਮੂਲਕ (D) ਚਿਹਨ ਮੂਲਕ ਤੇ ਭਾਸ਼ਾ ਮੂਲਕ

**75.** ਪੰਜਾਬੀ ਆਲੋਚਨਾ ਦੇ ਨਬੀਨ ਅਧਐਨ ਸਰੋਕਾਰ ਹਨ :

(A) ਥੀਮ, ਪਾਠ ਅਤੇ ਪ੍ਰਸੰਗ

(B) ਸੰਰਚਨਾ, ਵਿਚਾਰਧਾਰਾ ਅਤੇ ਵਿਰਚਨਾ

(C) ਪ੍ਰਵਚਨ, ਵਿਆਖਿਆ ਅਤੇ ਪ੍ਰਣਾਲੀ ਮੂਲਕਤਾ

(D) ਕਾਵਿਸ਼ਾਸਤਰ, ਸੁਹਜ-ਸ਼ਾਸਤਰ ਅਤੇ ਸਮਾਜ-ਸ਼ਾਸਤਰ

CAREERINDIA

**Space For Rough Work**

www.careerindia.com